# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/73546-73585
ਮਿਤੀ,ਚੰਡੀਗੜ੍ਹ 26 ਅਕਤੂਬਰ, 2009

ਵਿਸ਼ਾ:- ਜ਼ਿਲ੍ਹਾ Quiz ਕੰਪੀਟੀਸ਼ਨ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੈ ਕਿ ਮੈਥ ਅਤੇ ਸਾਇੰਸ ਦਾ ਪੱਧਰ ਉੱਚਾ ਚੁੱਕਣ ਲਈ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ ਕਈ ਉਪਰਾਲੇ ਕੀਤੇ ਜਾ ਰਹੇ ਹਨ।ਇਹਨਾਂ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਰਾਜ ਦੇ ਸਮੂਹ ਸਰਕਾਰੀ ਅਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ Quiz ਕੰਪੀਟੀਸ਼ਨ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਹ Quiz ਕੰਪੀਟੀਸ਼ਨ ਬਲਾਕ ਅਤੇ ਜ਼ਿਲ੍ਹੇ ਪੱਧਰ ਤੇ ਹੇਠ ਲਿਖੀਆਂ ਮਿਤੀਆਂ ਨੂੰ ਕਰਵਾਏ ਜਾਣਗੇ।

| ਲੜੀ ਨੰ: | ਜ਼ਿਲ੍ਹਾ ਅਤੇ ਬਲਾਕ ਪੱਧਰ | ਮਿਤੀ | ਸਮਾਂ |
|---|---|---|---|
| 1. | ਬਲਾਕ ਪੱਧਰ | 18.11.09 | ਸਵੇਰੇ 10:00 ਤੋਂ 12:00 ਵਜੇ ਤੱਕ |
| 2. | ਜ਼ਿਲ੍ਹਾ ਪੱਧਰ | 28.11.09 | ਸਵੇਰੇ 10:00 ਤੋਂ 12:00 ਵਜੇ ਤੱਕ |
| 3. | ਰਾਜ ਪੱਧਰ | 06.01.10 | ਸਵੇਰੇ 10:00 ਤੋਂ 12:00 ਵਜੇ ਤੱਕ |

2.1 ਜ਼ਿਲ੍ਹੇ ਅਤੇ ਬਲਾਕ ਪੱਧਰ ਤੇ ਹੋਣ Quiz ਕੰਪੀਟੀਸ਼ਨ ਦਾ ਸਾਰਾ ਪ੍ਰਬੰਧ ਅਤੇ ਪ੍ਰਸ਼ਨ ਪੱਤਰਾਂ ਦੀ ਤਿਆਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਨਿਗਰਾਨੀ ਹੇਠ ਜ਼ਿਲ੍ਹੇ ਦੇ ਸਾਇੰਸ ਸੁਪਰਵਾਈਜ਼ਰ ਅਤੇ ਉਸਦੀ ਟੀਮ ਵੱਲੋਂ ਕੀਤੀ ਜਾਵੇਗੀ। ਇਹ ਪ੍ਰਸ਼ਨ ਪੱਤਰ ਸਮੂਹ ਬਲਾਕਾਂ ਲਈ ਸਾਂਝਾ ਹੋਵੇਗਾ।ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋਂ ਉੱਚਾ ਹੋਵੇਗਾ ।

2.2 ਇਸ ਕੰਪੀਟੀਸ਼ਨ ਲਈ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਦੇ ਤਿੰਨ ਵਿਦਿਆਰਥੀਆਂ ਦਾ ਨਾਮ ਹਰ ਸਕੂਲ ਮੁਖੀ ਵੱਲੋਂ ਲਿਖਤੀ ਤੌਰ ਤੇ ਲਿਆ ਜਾਵੇਗਾ।

2.3 ਹਰੇਕ ਸਕੂਲ ਵਿਚੋਂ ਇੱਕ ਟੀਮ ਭਾਗ ਲਏਗੀ।

2.4 ਜੇਕਰ ਕੋਈ ਐਲੀਮੈਂਟਰੀ ਸਕੂਲ/ਮਿਡਲ ਸਕੂਲ ਕਿਸੇ ਹਾਈ/ਸੀਨੀਅਰ ਸੈਕੰਡਰੀ ਸਕੂਲ ਨਾਲ ਜੁੜਿਆ ਹੈ ਤਾਂ ਉਹ ਸਕੂਲ ਆਪਣੀ ਵੱਖਰੀ ਟੀਮ ਲੈ ਕੇ ਆਏਗਾ।

2.5 ਪ੍ਰਸ਼ਨ ਓਬਜੈਕਟਿਵ ਟਾਇਪ ਹੋਣਗੇ ਜਿਸਦੇ ਉਤਰ ਇੱਕ ਸ਼ਬਦੀ ਹਵੇਗੇ।

2.6 ਪ੍ਰਸ਼ਨ ਮੈਥ ਅਤੇ ਸਾਇੰਸ ਦੀ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਸਿਲੇਬਸ ਵਿੱਚੋਂ ਆਉਣਗੇ ਜੋ ਕਿ ਸਤੰਬਰ 2009 ਤੱਕ ਪੂਰਾ ਕੀਤਾ ਹੋਵੇਗਾ।

2.7 ਇਸ ਕੰਪੀਟੀਸ਼ਨ ਵਿੱਚ ਦੋ ਪੜਾਅ ਮੈਥ ਦੇ ਅਤੇ ਦੋ ਪੜਾਅ ਸਾਇੰਸ ਦੇ ਹੋਣਗੇ।

2.8 ਲੋੜ ਅਨੁਸਾਰ ਇਹ ਪੜਾਅ ਵਧਾਏ ਵੀ ਜਾ ਸਕਦੇ ਹਨ।

2.9 ਹਰੇਕ ਪ੍ਰਸ਼ਨ "2" ਅੰਕਾਂ ਦਾ ਹੋਵੇਗਾ। ਟੀਮ ਦਾ ਉਤਰ ਸਹੀ ਹੋਣ ਤਾਂ ਟੀਮ ਨੂੰ "2" ਅੰਕ ਮਿਲਣਗੇ।

2.10 ਹਰ ਪ੍ਰਸ਼ਨ ਦਾ ਉਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।

2.11 ਜੇਕਰ ਟੀਮ ਉਤਰ ਨਾ ਦੇ ਸਕੇ ਜਾਂ ਗਲਤ ਉਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ।

2.12 ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉਤਰ ਦੇਵੇਗੀ ਉਸਨੂੰ "1" ਅੰਕ ਪ੍ਰਾਪਤ ਹੋਵੇਗਾ।

2.13 ਬਲਾਕ ਪੱਧਰ ਤੇ ਜੇਤੂ ਟੀਮ ਨੂੰ ਇਨਾਮ ਦਿੱਤਾ ਜਾਏਗਾ। ਕੇਵਲ ਇੱਕ ਹੀ ਟੀਮ ਜੇਤੂ ਕਰਾਰ ਕੀਤੀ ਜਾਵੇਗੀ।

2.14 ਬਲਾਕ ਪੱਧਰ ਤੇ ਪ੍ਰਥਮ ਸਥਾਨ ਤੇ ਆਉਣ ਵਾਲੀ ਟੀਮ ਅੱਗੇ ਜ਼ਿਲ੍ਹਾ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.15 ਜਿਲ੍ਹਾ ਪੱਧਰ ਤੇ ਪ੍ਰਥਮ ਸਥਾਨ ਤੇ ਆਉਣ ਵਾਲੀ ਟੀਮ ਅੱਗੇ ਰਾਜ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.16 ਰਾਜ ਪੱਧਰੀ ਕੰਪੀਟੀਸ਼ਨ ਸਟੇਟ ਪ੍ਰੋਜੈਕਟਰ ਡਾਇਰੈਕਟਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇਗਾ। ਇਸ ਲਈ ਪ੍ਰਸ਼ਨ ਪੱਤਰ ਵੀ ਸਟੇਟ ਪੱਧਰ ਤੇ ਹੀ ਤਿਆਰ ਕੀਤਾ ਜਾਵੇਗਾ।

3.0 Quiz Competition ਲਈ ਵੱਖ ਵੱਖ ਪੱਧਰ ਤੇ ਜੈਤੂਆਂ ਲਈ ਅਵਾਰਡ ਦੀ ਰਾਸ਼ੀ ਹੇਠ ਲਿਖੇ ਅਨੁਸਾਰ ਹੈ।

| | ਪਹਿਲਾ ਸਥਾਨ | ਦੂਜਾ ਸਥਾਨ | ਤੀਜਾ ਸਥਾਨ |
|---|---|---|---|
| ਬਲਾਕ ਪੱਧਰ | 800/- | 600/- | 400/- |
| ਜ਼ਿਲ੍ਹਾ ਪੱਧਰ | 1000/- | 800/- | 600/- |
| ਰਾਜ ਪੱਧਰ | 5100/- | 3100/- | 2100/- |

3.1 ਅਵਾਰਡ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ REMS ਗਰਾਂਟ ਵਿੱਚੋਂ ਕੀਤਾ ਜਾਵੇਗਾ।

4.0 ਸਪੱਸ਼ਟ ਕੀਤਾ ਜਾਂਦਾ ਹੈ ਕਿ REMS ਗਰਾਂਟ 50,000/- ਪ੍ਰਤੀ ਜ਼ਿਲ੍ਹਾ ਛੇਤੀ ਹੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) ਨੂੰ ਰੀਲੀਜ਼ ਕੀਤੀ ਜਾ ਰਹੀ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਦੀ ਮੰਗ ਅਨੁਸਾਰ ਲੋੜੀਂਦੇ ਫੰਡਜ਼ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵੱਲੋਂ ਮੁਹੱਈਆ ਕੀਤੇ ਜਾਣਗੇ।

5.0 ਉਪਰੋਕਤ ਦਰਸਾਈਆਂ ਗਾਈਡ ਲਾਈਨਜ਼ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**

**ਪਿਠਅੰਕਣ ਨੰ:-** ਐਸਐਸਏ/ਐਮਸੀ/2009/73586-73605 **ਮਿਤੀ:-26.09.09**

ਉਤਾਰਾ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**